# ਕਿਵੇਂ ਪਤਾ ਲਾਓ ਕਿ ਤੁਸੀਂ UNM ਕੇਅਰ ਜਾਂ ਆਊਟ-ਆਫ-ਕਾਉਂਟੀ ਕੇਅਰ (UNM Care or Out-of-County Care) ਲਈ ਯੋਗ ਹੋ

## UNM Care ਅਤੇ Out-of-County Care ਕੀ ਹਨ?

**UNM Care** ਅਤੇ **Out-of-County Care** ਉਹ ਪ੍ਰੋਗਰਾਮ ਹਨ, ਜਿਹਨਾਂ ਨਾਲ ਲੋਕਾਂ ਨੂੰ UNM Hospital ਦੇ ਆਪਣੇ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਮਿਲਦੀ ਹੈ। ਤੁਸੀਂ ਇਹਨਾਂ ਪ੍ਰੋਗਰਾਮਾਂ ਲਈ ਯੋਗ ਹੋ ਸਕਦੇ ਹੋ। UNM Care Sandoval ਜਾਂ Bernalillo ਕਾਉਂਟੀ ਵਿੱਚ ਰਹਿਣ ਵਾਲੇ ਲੋਕਾਂ ਲਈ ਹੈ। Out-of-County Care ਹੋਰਨਾਂ NM ਕਾਉਂਟੀਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਹੈ। ਜੇ ਤੁਸੀਂ ਯੋਗ ਹੋ, ਤਾਂ ਤੁਸੀਂ UNM ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਆਪਣੇ ਮੈਡੀਕਲ ਅਤੇ ਸਿਹਤ ਸੰਭਾਲ ਦੇ ਖ਼ਰਚਿਆਂ ਦਾ ਭੁਗਤਾਨ ਕਰਨ ਵਿੱਚ ਮਦਦ ਲੈ ਸਕਦੇ ਹੋ।

## ਕੀ ਤੁਸੀਂ UNM Care ਜਾਂ Out-of-County Care ਲਈ ਯੋਗ ਹੋ?

ਸਭ ਤੋਂ ਪਹਿਲਾਂ, ਤੁਹਾਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਆਪਣੀ **ਕੁੱਲ** ਘਰੇਲੂ ਮਹੀਨੇਵਾਰ ਆਮਦਨ ਬਾਰੇ ਪਤਾ ਲਾਉਣ ਦੀ ਲੋੜ ਹੈ। ਫਿਰ ਤੁਸੀਂ ਇਹ ਪਤਾ ਲਾਉਣ ਲਈ ਹੇਠਲੇ ਟੇਬਲ ਦੀ ਵਰਤੋਂ ਕਰ ਸਕਦੇ ਹੋ ਕਿ ਕੀ ਤੁਸੀਂ ਯੋਗ ਹੋ।

| **ਪਰਿਵਾਰ ਦੇ ਮੈਂਬਰ** (ਇੱਕੋ ਘਰ ਜਾਂ ਅਪਾਰਟਮੈਂਟ ਵਿੱਚ ਤੁਹਾਡੇ ਨਾਲ ਕਿੰਨੇ ਲੋਕ ਰਹਿੰਦੇ ਹਨ) | **ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ** (ਟੈਕਸ ਜਾਂ ਕਟੌਤੀਆਂ ਕੀਤੇ ਜਾਣ ਤੋਂ ਪਹਿਲਾਂ, ਤੁਹਾਡੇ ਪਰਿਵਾਰ ਦੇ ਹਰ ਇੱਕ ਵਿਅਕਤੀ ਦੀ **ਹਰ ਮਹੀਨੇ** ਦੀ ਆਮਦਨ ਦੀ ਕੁੱਲ ਰਕਮ) |
|---|---|
| 1 | $0 - $3765 |
| 2 | $0 - $5110 |
| 3 | $0 - $6455 |
| 4 | $0 - $7800 |
| 5 | $0 - $9145 |
| 6 | $0 - $10,490 |
| 7 | $0 - $11,835 |
| 8 | $0 - $13,180 |

ਇਸ ਟੇਬਲ ਵਿੱਚ ਸਿਰਫ਼ 8 ਮੈਂਬਰਾਂ ਵਾਲਾ ਪਰਿਵਾਰ ਹੀ ਆਉਂਦਾ ਹੈ। ਇਸ ਲਈ, ਜੇ ਤੁਹਾਡੇ ਪਰਿਵਾਰ ਵਿੱਚ ਵੱਧ ਮੈਂਬਰ ਹਨ, ਤਾਂ ਤੁਹਾਨੂੰ **ਹਰ ਇੱਕ ਵਾਧੂ ਵਿਅਕਤੀ ਲਈ ਸਿਰਫ਼ $1345 ਜੋੜਣੇ** ਪੈਣੇ ਹਨ।

**ਕੁੱਲ ਆਮਦਨ**ਉਹ ਰਕਮ ਹੈ, ਜੋ ਤੁਸੀਂ ਟੈਕਸ ਅਤੇ ਹੋਰ ਕਟੌਤੀਆਂ ਕੀਤੇ ਜਾਣ ਤੋਂ **ਪਹਿਲਾਂ** ਕਮਾਉਂਦੇ ਹੋ। ਹੋਰ ਕਟੌਤੀਆਂ, ਉਹ ਰਕਮ ਹੋ ਸਕਦੀ ਹੈ, ਜੋ ਰਿਟਾਇਰਮੈਂਟ ਦੇ ਪਲਾਨਾਂ ਜਾਂ ਸਿਹਤ ਬੀਮੇ ਵਰਗੇ ਕੰਮਾਂ ਲਈ ਰੱਖੀਆਂ ਜਾਂਦੀਆਂ ਹਨ।

ਤੁਹਾਨੂੰ ਆਪਣੇ ਪਰਿਵਾਰ ਦੇ ਹਰ ਇੱਕ ਮੈਂਬਰ ਦੀ **ਕੁੱਲ ਮਹੀਨੇਵਾਰ ਆਮਦਨ** ਬਾਰੇ ਪਤਾ ਲਾਉਣਾ ਚਾਹੀਦਾ ਹੈ। ਫਿਰ ਤੁਸੀਂ ਆਪਣੇ ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ ਦਾ ਪਤਾ ਲਾਉਣ ਲਈ ਰਕਮਾਂ ਨੂੰ ਇਕੱਠਿਆਂ ਜੋੜ ਸਕਦੇ ਹੋ।



This translation was completed by LanguageLine Solutions.

**ਕੀ ਤੁਸੀਂ ਯੋਗ ਹੋ – ਜਾਰੀ**

ਉਦਾਹਰਣ ਲਈ, ਜੇ ਤੁਹਾਡੇ ਪਰਿਵਾਰ ਵਿੱਚ 9 ਮੈਂਬਰ ਹਨ, ਤਾਂ ਤੁਸੀਂ **$1345** ਤੋਂ $13,180 (ਪਰਿਵਾਰ ਦੇ ਵੱਧ ਤੋਂ ਵੱਧ 8 ਮੈਂਬਰ) ਜੋੜਦੇ ਹੋ। ਜੇ ਤੁਹਾਡੇ ਪਰਿਵਾਰ ਵਿੱਚ 10 ਮੈਂਬਰ ਹਨ, ਤਾਂ ਤੁਸੀਂ $0 ਤੋਂ $15,870 ਦੀ ਸੀਮਾ ਹਾਸਿਲ ਕਰਨ ਲਈ ਉਸ ਵਿੱਚ ਇੱਕ ਹੋਰ **$1345** ਜੋੜਦੇ ਹੋ। ਇਸੀ ਤਰ੍ਹਾਂ।

## ਇਹ ਪਤਾ ਲਾਉਣ ਵਿੱਚ ਮਦਦ ਦੀ ਲੋੜ ਹੈ ਕਿ ਕੀ ਤੁਸੀਂ ਯੋਗ ਹੋ?

ਕੋਈ ਗੱਲ ਹੀ ਨਹੀਂ—ਅਸੀਂ ਮਦਦ ਕਰ ਸਕਦੇ ਹਾਂ! ਸਿਰਫ਼ ਹੇਠਾਂ ਦਿੱਤੇ ਪੜਾਵਾਂ ਦੀ ਪਾਲਣਾ ਕਰੋ।

### ਪੜਾਅ 1



ਪਹਿਲਾ ਪੜਾਅ ਇਹ ਪਤਾ ਲਾਉਣਾ ਹੈ ਕਿ ਤੁਹਾਡੇ ਪਰਿਵਾਰ ਵਿੱਚ ਕਿੰਨੇ ਮੈਂਬਰ ਹਨ।
**ਘਰ ਦੇ ਅਕਾਰ ਦਾ ਮਤਲਬ** ਹੈ ਕਿ ਤੁਹਾਡੇ ਨਾਲ ਕਿੰਨੇ ਲੋਕ ਰਹਿੰਦੇ ਹਨ।

ਦ੍ਰਿਸ਼ 1

ਜੇ ਤੁਸੀਂ **18 ਜਾਂ ਵੱਧ ਉਮਰ ਦੇ ਹੋ,** ਤਾਂ ਤੁਹਾਡੇ ਪਰਿਵਾਰ ਵਿੱਚ ਇਹ ਲੋਕ ਸ਼ਾਮਿਲ ਹੋ ਸਕਦੇ ਹਨ—

- ਤੁਸੀਂ
- ਤੁਹਾਡਾ ਜੀਵਨ – ਸਾਥੀ
- ਤੁਹਾਡੇ ਆਸਰਿਤ। ਇਸ ਵਿੱਚ ਕੋਈ ਬੱਚਾ ਜਾਂ ਰਿਸ਼ਤੇਦਾਰ ਸ਼ਾਮਿਲ ਹੋ ਸਕਦਾ ਹੈ, ਜਿਸਦਾ ਤੁਸੀਂ ਆਪਣੇ ਟੈਕਸ ਫ਼ਾਰਮਾਂ 'ਤੇ ਆਸਰਿਤ ਹੋਣ ਦਾ ਦਾਅਵਾ ਕਰਦੇ ਹੋ। ਇਹਨਾਂ ਦੋ ਪ੍ਰੋਗਰਾਮਾਂ ਲਈ, ਤੁਹਾਡੇ ਪਰਿਵਾਰ ਦੇ ਹਿੱਸੇ ਵਜੋਂ ਗਿਣੇ ਜਾਣ ਲਈ ਆਸਰਿਤ ਤੁਹਾਡੇ ਨਾਲ ਰਹਿ ਰਿਹਾ ਹੋਣਾ ਚਾਹੀਦਾ ਹੈ। ਆਸਰਿਤ ਉਹ ਸ਼ਖ਼ਸ ਹੁੰਦਾ ਹੈ, ਜਿਸਦੀ ਤੁਸੀਂ ਸਾਂਭ-ਸੰਭਾਲ ਕਰਦੇ ਹੋ ਅਤੇ ਮਾਲੀ ਤੌਰ 'ਤੇ ਉਸਦੀ ਮਦਦ ਕਰਦੇ ਹੋ – ਉਦਾਹਰਣ ਲਈ, ਤੁਸੀਂ ਉਸ ਦੇ ਭੋਜਨ, ਰਿਹਾਇਸ਼, ਕਪੜੇ ਅਤੇ ਸਕੂਲ ਲਈ ਭੁਗਤਾਨ ਕਰਦੇ ਹੋ।

  ਅਜਿਹੀਆਂ ਕੁਝ ਖ਼ਾਸ ਸ਼ਰਤਾਂ ਹਨ, ਜੋ ਤੁਹਾਨੂੰ ਕਿਸੇ 'ਤੇ ਆਸਰਿਤ ਵਜੋਂ ਦਾਅਵਾ ਕਰਨ ਦੀ ਇਜਾਜ਼ਤ ਦਿੰਦੀਆਂ ਹਨ। ਜੇ ਇਸ ਬਾਰੇ ਤੁਹਾਡੇ ਕੋਈ ਸੁਆਲ ਹਨ ਕਿ ਕੀ ਤੁਹਾਡੇ ਪਰਿਵਾਰ ਵਿੱਚ ਕੋਈ ਆਸਰਿਤ ਹੈ ਜਾਂ ਨਹੀਂ, ਤਾਂ ਕਿਰਪਾ ਕਰਕੇ ਸਾਨੂੰ ਦੱਸੋ।

ਉਦਾਹਰਣ ਲਈ, ਮੰਨੋ ਕਿ ਤੁਸੀਂ ਆਪਣੇ ਜੀਵਨ – ਸਾਥੀ ਅਤੇ 2 ਬੱਚਿਆਂ ਨਾਲ ਰਹਿੰਦੇ ਹੋ। ਉਸਦਾ ਮਤਲਬ ਹੈ ਕਿ ਤੁਹਾਡੇ ਘਰ ਵਿੱਚ 4 ਲੋਕ ਹਨ। ਤੁਹਾਡੇ ਘਰ ਵਿੱਚ 4 ਮੈਂਬਰ ਹਨ।

**ਇਹ ਪਤਾ ਲਾਉਣ ਵਿੱਚ ਮਦਦ ਕਰਨ ਦੀ ਲੋੜ ਹੈ ਕਿ ਕੀ ਤੁਸੀਂ ਯੋਗ ਹੋ, ਪੜਾਅ 1 – ਜਾਰੀ**

ਦ੍ਰਿਸ਼ 2

ਜੇ ਤੁਸੀਂ **18 ਸਾਲ ਤੋਂ ਘੱਟ ਉਮਰ ਦੇ ਹੋ,** ਤਾਂ ਤੁਹਾਡੇ ਪਰਿਵਾਰ ਵਿੱਚ ਇਹ ਲੋਕ ਸ਼ਾਮਿਲ ਹੋ ਸਕਦੇ ਹਨ—

- ਤੁਸੀਂ
- ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ
- ਜੇ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤਾਂ ਦੇ **ਆਸ਼ਰਿਤ** ਹਨ, ਤਾਂ ਤੁਹਾਨੂੰ ਉਹਨਾਂ ਨੂੰ ਵੀ ਗਿਣਨਾ ਚਾਹੀਦਾ ਹੈ। ਇਸ ਵਿੱਚ ਤੁਹਾਡੇ ਨਾਲ ਰਹਿਣ ਵਾਲਾ ਕੋਈ ਵੀ ਭੈਣ-ਭਰਾ (ਭਰਾ ਜਾਂ ਭੈਣ) ਜਾਂ ਕੋਈ ਹੋਰ ਰਿਸ਼ਤੇਦਾਰ ਹੋ ਸਕਦਾ ਹੈ।

ਉਦਾਹਰਣ ਲਈ, ਇਹ ਮੰਨ ਲਓ ਕਿ ਤੁਸੀਂ ਆਪਣੀ ਮਾਂ ਅਤੇ ਪਿਤਾ ਅਤੇ ਆਪਣੇ ਛੋਟੇ ਭਰਾ ਨਾਲ ਰਹਿੰਦੇ ਹੋ, ਤਾਂ ਤੁਹਾਡਾ ਭਰਾ ਤੁਹਾਡੇ ਮਾਤਾ-ਪਿਤਾ 'ਤੇ ਆਸਰਿਤ ਹੈ। ਇਸ ਲਈ, ਤੁਹਾਨੂੰ ਆਪਣੇ ਭਰਾ ਦੇ ਨਾਲ ਹੀ ਆਪਣੇ ਆਪ ਨੂੰ ਅਤੇ ਆਪਣੀ ਮਾਂ ਅਤੇ ਪਿਤਾ ਨੂੰ ਗਿਣਨਾ ਪੈਣਾ ਹੈ। ਤੁਹਾਡੇ ਪਰਿਵਾਰ ਵਿੱਚ 4 ਮੈਂਬਰ ਹਨ।

## ਪੜਾਅ 2

ਅਗਲਾ ਪੜਾਅ ਤੁਹਾਡੀ ਕੁੱਲ ਘਰੇਲੂ ਆਮਦਨ ਬਾਰੇ ਪਤਾ ਲਾਉਣਾ ਹੈ। **ਪਰਿਵਾਰ ਦੀ ਆਮਦਨ,** ਤੁਹਾਡੇ ਪਰਿਵਾਰ ਦੇ ਹਰ ਇੱਕ ਵਿਅਕਤੀ ਵਲੋਂ ਕੀਤੀ ਗਈ ਕਮਾਈ ਦੀ ਕੁੱਲ ਰਕਮ ਹੈ। ਪਰ ਚੌਕਸ ਰਹੋ—ਅਸੀਂ **ਕੁੱਲ** ਆਮਦਨ ਦਾ ਪਤਾ ਲਾ ਰਹੇ ਰਹੇ ਹਾਂ, ਨਾ ਕਿ ਖ਼ਾਲਸ ਆਮਦਨ।

**ਕੁੱਲ ਆਮਦਨ** ਉਹ ਰਕਮ ਹੈ, ਜੋ ਤੁਸੀਂ ਟੈਕਸਾਂ ਅਤੇ ਹੋਰ ਕਟੌਤੀਆਂ ਕੀਤੇ ਜਾਣ ਤੋਂ **ਪਹਿਲਾਂ** ਕਮਾਉਂਦੇ ਹੋ। ਹੋਰ ਕਟੌਤੀਆਂ, ਉਹ ਰਕਮ ਹੋ ਸਕਦੀ ਹੈ, ਜੋ ਰਿਟਾਇਰਮੈਂਟ ਦੇ ਪਲਾਨਾਂ ਜਾਂ ਸਿਹਤ ਬੀਮੇ ਵਰਗੇ ਕੰਮਾਂ ਲਈ ਰੱਖੀਆਂ ਜਾਂਦੀਆਂ ਹਨ। ਤੁਹਾਨੂੰ ਆਪਣੇ ਪਰਿਵਾਰ ਦੇ ਹਰ ਇੱਕ ਮੈਂਬਰ ਦੀ **ਕੁੱਲ ਮਹੀਨੇਵਾਰ ਆਮਦਨ** ਬਾਰੇ ਪਤਾ ਲਾਉਣਾ ਚਾਹੀਦਾ ਹੈ। ਫਿਰ ਤੁਸੀਂ ਆਪਣੇ ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ ਦਾ ਪਤਾ ਲਾਉਣ ਲਈ ਉਹਨਾਂ ਨੂੰ ਇਕੱਠਿਆਂ ਜੋੜ ਸਕਦੇ ਹੋ।

ਤੁਹਾਡੇ ਪਰਿਵਾਰ ਵਿਚਲੇ ਲੋਕ, ਇਸ ਵਿੱਚ ਤੁਸੀਂ ਵੀ ਸ਼ਾਮਿਲ ਹੋ ਸਕਦੇ ਹੋ, ਇਹਨਾਂ ਸ੍ਰੋਤਾਂ ਵਿੱਚੋਂ ਕਿਸੇ ਤੋਂ ਵੀ ਰਕਮ (ਆਮਦਨ) ਲੈ ਸਕਦੇ ਹੋ –

- ✓ ਨੌਕਰੀ (ਉਜਰਤਾਂ, ਤਨਖ਼ਾਹ)
- ✓ ਬੇਰੋਜ਼ਗਾਰੀ ਲਾਭ
- ✓ ਸੋਸ਼ਲ ਸਿਕਿਓਰਿਟੀ ਲਾਭ
- ✓ ਸਾਬਕਾ ਫ਼ੌਜੀ ਦੇ ਲਾਭ
- ✓ ਭਾਰਤ ਦੇ ਮਾਮਲਿਆਂ ਦੇ ਲਾਭਾਂ ਬਾਰੇ ਬਿਉਰੋ

## ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ

ਆਓ, ਆਪਣੇ ਪਰਿਵਾਰ ਦੀ ਉਦਾਹਰਣ ਦੀ ਫਿਰ ਤੋਂ ਵਰਤੋਂ ਕਰੀਏ – ਦੱਸੋ ਕਿ ਤੁਸੀਂ ਆਪਣੀ ਮਾਂ ਅਤੇ ਪਿਤਾ ਅਤੇ ਆਪਣੇ ਛੋਟੇ ਭਰਾ ਨਾਲ ਰਹਿੰਦੇ ਹੋ। ਅਤੇ ਆਓ ਦੱਸੀਏ ਕਿ ਇਹ ਉਹ ਰਕਮ ਹੈ, ਜੋ ਤੁਹਾਡੇ ਪਰਿਵਾਰ ਵਿਚਲਾ ਹਰ ਇੱਕ ਸ਼ਖ਼ਸ ਕਮਾਉਂਦਾ ਹੈ। (ਯਾਦ ਰੱਖੋ, ਇਹ **ਕੁੱਲ ਰਕਮਾਂ** ਹਨ।)



- ਤੁਸੀਂ ਆਪਣੀ ਨੌਕਰੀ ਤੋਂ $1100 ਕਮਾਉਂਦੇ ਹੋ।
- ਤੁਹਾਡਾ ਭਰਾ $0 ਕਮਾਉਂਦਾ ਹੈ।
- ਤੁਹਾਡੇ ਮਾਤਾ ਜੀ ਆਪਣੀ ਨੌਕਰੀ ਤੋਂ $4000 ਕਮਾਉਂਦੇ ਹਨ।
- ਤੁਹਾਡੇ ਪਿਤਾ ਜੀ ਨੂੰ ਸਾਬਕਾ ਫ਼ੌਜੀ ਦੇ ਲਾਭਾਂ ਵਿੱਚ $2400 ਮਿਲਦੇ ਹਨ

ਉਹਨਾਂ ਨੂੰ ਇਕੱਠਿਆਂ ਜੋੜੋ ਅਤੇ ਤੁਹਾਨੂੰ **$7500** ਮਿਲਦੇ ਹਨ। ਉਹ ਤੁਹਾਡੇ ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ ਹੈ।

## ਪੜਾਅ 3

ਅੰਤਮ ਪੜਾਅ ਇਹ ਵੇਖਣਾ ਹੈ ਕਿ ਕੀ ਤੁਸੀਂ UNM Care ਜਾਂ Out-of-County Care ਲਈ ਯੋਗ ਹੋ। ਜੇ ਤੁਹਾਨੂੰ ਆਪਣੇ **ਪਰਿਵਾਰ ਦੇ ਮੈਂਬਰਾਂ** ਅਤੇ ਆਪਣੇ **ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ** ਬਾਰੇ ਪਤਾ ਹੈ, ਤਾਂ ਤੁਸੀਂ ਇਹ ਵੀ ਪਤਾ ਲਾ ਸਕਦੇ ਹੋ ਕਿ ਤੁਸੀਂ ਯੋਗ ਹੋ।

ਇਸ ਪੜਾਅ ਲਈ, ਪਰਿਵਾਰ ਦੇ ਮੈਂਬਰਾਂ ਲਈ ਤੁਹਾਨੂੰ ਟੇਬਲ 'ਤੇ ਵਾਪਸ ਜਾਣਾ ਪੈਣਾ ਹੈ। ਜੇ ਤੁਹਾਨੂੰ ਸਾਡੇ ਉਦਾਹਰਣ ਵਾਲਾ ਪਰਿਵਾਰ ਯਾਦ ਹੈ, ਤਾਂ ਉਹਨਾਂ ਦੇ ਪਰਿਵਾਰ ਦੇ **4** ਮੈਂਬਰ ਹਨ ਅਤੇ ਉਹਨਾਂ ਦੇ ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ **$7500** ਹੈ। ਆਓ ਵੇਖੀਏ ਕਿ ਕੀ ਉਹ UNM Care ਲਈ ਯੋਗ ਹਨ।

ਇਹ ਵੀ ਕਿ ਤੁਸੀਂ ਇੰਜ ਕਿਵੇਂ ਕਰਦੇ ਹੋ –

1. ਟੇਬਲ ਨੂੰ ਦੁਬਾਰਾ ਵੇਖੋ।
2. ਟੇਬਲ ਦੇ ਖੱਬੇ ਕਾੱਲਮ ਵਿੱਚ ਨੰਬਰ 4 ਦਾ ਪਤਾ ਲਾਓ (ਪਰਿਵਾਰ ਦੇ ਮੈਂਬਰ)।
3. ਲਾਈਨ ਨੂੰ ਪਰ੍ਹਾਂ ਅਤੇ ਸੱਜੇ ਕਾੱਲਮ ਵਿੱਚ ਪਤਾ ਲਾਉਣ ਲਈ ਆਪਣੀ ਉਂਗਲੀ ਦੀ ਵਰਤੋਂ ਕਰੋ (ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ)।

**ਇਹ ਪਤਾ ਲਾਉਣ ਦੀ ਲੋੜ ਹੈ ਕਿ ਤੁਸੀਂ ਯੋਗ ਹੋ, ਪੜਾਅ 3 – ਜਾਰੀ**

ਸੱਜੇ ਕਾੱਲਮ ਵਿੱਚ ਬਾੱਕਸ ਦੇ ਅੰਦਰ, ਤੁਹਾਨੂੰ **$0 ਤੋਂ $7800** ਵੇਖਣਾ ਚਾਹੀਦਾ ਹੈ। ਇਹ 4 ਲੋਕਾਂ ਦੇ ਪਰਿਵਾਰ ਲਈ ਕੁੱਲ ਮਹੀਨੇਵਾਰ ਆਮਦਨ ਦੀ ਸੀਮਾ ਹੈ। ਸਾਡੇ ਉਦਾਹਰਣ ਵਾਲੇ ਪਰਿਵਾਰ ਲਈ ਕੁੱਲ ਘਰੇਲੂ ਮਹੀਨੇਵਾਰ ਆਮਦਨ $7500 ਹੈ। ਇਹ 4 ਮੈਂਬਰਾਂ ਦੇ ਪਰਿਵਾਰ ਲਈ ਸੀਮਾ ਦੇ ਅੰਦਰ ਆਉਂਦੀ ਹੈ, ਇਸ ਲਈ ਉਹ ਯੋਗਤਾ ਪੂਰੀ ਕਰਦੇ ਹਨ!

| **ਪਰਿਵਾਰ ਦੇ ਮੈਂਬਰ**<br>(ਇੱਕੋ ਘਰ ਜਾਂ ਅਪਾਰਟਮੈਂਟ ਵਿੱਚ ਤੁਹਾਡੇ ਨਾਲ ਕਿੰਨੇ ਲੋਕ ਰਹਿੰਦੇ ਹਨ) | **ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ**<br>(ਟੈਕਸ ਜਾਂ ਕਟੌਤੀਆਂ ਕੀਤੇ ਜਾਣ ਤੋਂ ਪਹਿਲਾਂ, ਤੁਹਾਡੇ ਪਰਿਵਾਰ ਦੇ ਹਰ ਇੱਕ ਵਿਅਕਤੀ ਦੀ **ਹਰ ਮਹੀਨੇ** ਦੀ ਆਮਦਨ ਦੀ ਕੁੱਲ ਰਕਮ) |
|---|---|
| 1 | $0 - $3765 |
| 2 | $0 - $5110 |
| 3 | $0 - $6455 |
| 4 | $0 - $7800 |
| **5** | $0 - $9145 |
| 6 | $0 - $10,490 |
| 7 | $0 - $11,835 |
| 8 | $0 - $13,180 |

**ਆਪਣੇ** ਪਰਿਵਾਰ ਦੇ ਮੈਂਬਰਾਂ ਅਤੇ **ਆਪਣੀ** ਕੁੱਲ ਘਰੇਲੂ ਮਹੀਨੇਵਾਰ ਆਮਦਨ ਦਾ ਪਤਾ ਲੱਗਦਿਆਂ ਸਾਰ ਹੀ, ਤੁਸੀਂ **ਇਹ ਵੇਖਣ ਲਈ** ਟੇਬਲ ਦੀ ਵਰਤੋਂ ਕਰ ਸਕਦੇ ਹੋ ਕਿ ਤੁਸੀਂ UNM Care ਜਾਂ Out-of-County Care ਲਈ ਯੋਗ ਹੋ। ਜੇ ਤੁਸੀਂ ਯੋਗ ਹੋ, ਤਾਂ ਤੁਸੀਂ UNM Care ਜਾਂ Out-of-County Care ਰਾਹੀਂ ਆਪਣੇ UNM Hospital ਸਿਹਤ ਅਤੇ ਮੈਡੀਕਲ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਮਦਦ ਲੈ ਸਕਦੇ ਹੋ।

**ਹੋਰ ਜਾਣਕਾਰੀ ਚਾਹੀਦੀ ਹੈ?**

UNM Care ਜਾਂ Out-of-County Care ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ 'ਤੇ ਜਾਓ।

https://unmhealth.org/patients-visitors/billing-insurance/patient-financial-assistance.html

**ਫਿਰ ਵੀ ਕੋਈ ਸੁਆਲ ਹਨ?**

ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ **505 272-2521** 'ਤੇ UNM Financial Assistance ਨੂੰ ਕਾੱਲ ਕਰੋ।